ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਖ਼ੁਦਾ ਬਾਪ ਦੇ ਦਿਲ ਦੀ ਪੁਕਾਰ
ਪਿਤਾ ਦੀ ਪਿਆਰ ਭਰੀ ਚਿੱਠੀ

ਮੇਰੇ ਪੁੱਤਰ ਤੂੰ ਮੈਂਨੂੰ ਨਹੀਂ ਜਾਣਦਾ ਹੈਂ, ਪਰ ਮੈਂ ਤੇਰੇ ਬਾਰੇ ਸਭ ਕੁਝ ਜਾਣਦਾ ਹਾਂ...ਜ਼ਬੂਰ 139-1 ਮੈਂ ਤੇਰਾ ਉਠਣਾ ਬੈਠਣਾ ਵੀ ਜਾਣਦਾ ਹਾਂ...ਜ਼ਬੂਰ 139:2 ਮੈਂ ਤੇਰੇ ਇੱਕ ਇੱਕ ਰਾਹ ਨੂੰ ਜਾਣਦਾ ਹਾਂ...ਜ਼ਬੂਰ 139:3 ਤੇਰੇ ਸਿਰ ਦਾ ਇੱਕ ਇੱਕ ਵਾਲ ਵੀ ਮੇਰਾ ਗਿਣਿਆਹੋਇਆ ਹੈ...ਮੱਤੀ 10:29-31 ਕਿਉਂਕਿ ਤੂੰ ਮੇਰੇ ਸਰੂਪ ਤੋਂ ਬਣਾਇਆ ਗਿਆ ਹੈਂ...ਉਤਪਤ 1:27ਤੂੰ ਮੇਰੇ ਵਿੱਚ ਜੀਉਂਦਾ ਚੱਲਦਾ ਫਿਰਦਾਅਤੇ ਕਾਇਮ ਹੈਂ, ਕਿਉਂਕਿ ਤੂੰ ਮੇਰਾ ਅੰਸ਼ ਹੈਂ...ਰਸੂਲਾਂ ਦੇ ਕਰਤੱਬ 17:28 ਤੇਰੇ ਜੰਮਣ ਤੋਂ ਪਹਿਲਾਂ ਹੀ, ਮੈਂ ਤੈਨੂੰ ਜਾਣਦਾ ਹਾਂ...ਯਰਮਿਯਾਹ 1:4-5 ਸਭ ਕੁਝ ਰਚਨ ਦੇ ਵੇਲੇ ਹੀ ਮੈਂ ਤੈਨੂੰ ਚੁਣ ਲਿਆ ਸੀ...ਅਫਸੀਆਂ 1:11-12 ਤੇਰਾ ਵਜੂਦ ਵਿੱਚ ਆਉਣਾ ਐਵੇਂ ਹੀ ਨਹੀਂ ਹੈ, ਤੇਰੇ ਹੋਂਦ ਵਿੱਚ ਆਉਣ ਬਾਰੇ ਮੇਰੀ ਕਿਤਾਬ ਵਿੱਚ ਲਿਖਿਆ ਹੋਇਆ ਹੈ...ਜ਼ਬੂਰ 139:15-16 ਮੈਂ ਹੀ ਤੇਰ ਜੰਮਣ ਦਾ ਇੱਕ ਵੇਲਾ ਰੱਖਿਆ, ਤੂੰ ਿਕਥੇ ਰਹੇਂਗਾ, ਇਹ ਵੀ ਮੈਂ ਹੀ ਨਿਰਧਾਰਤ ਕੀਤਾ...ਰਸੂਲਾਂ 17:26 ਤੇਰੀ ਰਚਨਾ ਬੜੀ ਨਿਰਾਲੀ ਅਤੇ ਅਦਭੁਤ ਹੈ... ਜ਼ਬੂਰ 139:14 ਮੈਂ ਹੀ ਤੈਨੂੰ ਤੇਰੀ ਮਾਂ ਦੀ ਕੁੱਖ ਵਿੱਚ ਬਣਾਇਆ...ਜ਼ਬੂਰ 139:13 ਤੇਰੇ ਜੰਮਣ ਦੇ ਦਿਨ ਮੈਂ ਤੈਨੂੰ ਦੁਨਿਆ ਦੇ ਵਿੱਚ ਲੈ ਆਇਆ...ਜ਼ਬੂਰ 71:6 ਜਿਹੜੇ ਮੈਨੂੰ ਨਹੀਂ ਜਾਣਦੇ, ਉਹ ਗ਼ਲਤ ਢੰਗ ਨਾਲ ਮੈਂਨੂੰ ਪੇਸ਼ ਕਰਦੇ ਹਨ...ਯੂਹੰਨਾ 8:41-44 ਮੈਂ ਤੇਰੇ ਨਾਲ ਗੁੱਸੇ ਨਹੀਂ ਹਾਂ, ਸਗੋਂਮੈਂ ਤਾਂ ਖ਼ੁਦ ਪਿਆਰ ਦਾ ਇੱਕ ਰੂਪ ਹਾਂ...1 ਯੂਹੰਨਾ 4:16 ਮੈਂ ਆਪਣਾ ਪਿਆਰ ਤੇਰੇ ਤੇ ਵਾਰਨਾ ਚਾਹੁੰਦਾ ਹਾਂ...1 ਯੂਹੰਨਾ 3:1 ਮੈਂ ਏਹ ਇਸ ਲਈ ਨਹੀਂ ਕਹਿੰਦਾ ਕਿ ਤੂੰ ਮੇਰਾ ਪੁੱਤਰ ਅਤੇ ਮੈਂ ਤੇਰਾ ਬਾਪ ਹਾਂ...1 ਯੂਹੰਨਾ 3:1 ਬਲਕਿ ਏਸ ਲਈ ਕਿ ਮੈਂ ਤੈਂਨੂੰ ਸੰਸਾਰਕ ਪਿਤਾ ਨਾਲੋਂ ਵੱਧ ਪਿਆਰ ਦੇਣਾ ਮੰਗਦਾ ਹਾਂ...ਮੱਤੀ 7:11 ਕਿਉਂਕਿ ਮੈਂ ਇੱਕ ਸੰਪੂਰਣ ਪਿਤਾ ਹਾਂ...ਮੱਤੀ 5:48 ਸਾਰੀਆਂ ਭਲੀਆਂ ਬਰਕਤਾਂ ਮੇਰੇ ਕੋਲੋਂ ਹੀ ਮਿਲਦੀਆਂ ਹਨ...ਯਾਕੂਬ 1:17 ਕਿਉਂਕਿ ਮੈਂ ਹੀ ਤੇਰੀਆਂ ਲੋੜਾਂ ਨੂੰ ਪੂਰਾ ਕਰਦਾ ਹਾਂ...ਮੱਤੀ 6:31-33 ਮੇਰੀਆਂ ਯੋਜਨਾਵਾਂ ਤੇਰੀਆਂ ਆਸਾਂ ਨੂੰ ਪੂਰਾ ਕਰਨ ਵਾਲੀਆਂ ਹਨ...ਯਿਰਮਿਯਾਹ 29:11 ਕਿਉਂਕਿ ਮੈਂ ਤੈਨੂੰ ਕਦੇ ਵੀ ਖ਼ਤਮ ਨਾ ਹੋਣ ਵਾਲਾ ਪਿਆਰ ਕਰਦਾ ਹਾਂ...ਯਿਰਮਿਯਾਹ 31:3 ਮੇਰੇ ਦਿਲ ਵਿੱਚ ਤੇਰੀ ਭਲਿਆਈ ਲਈ ਸਮੁੰਦਰ ਦੀ ਰੇਤ ਦੇ ਕਣਾਂ ਵਾਂਗ ਸੋਚਾਂ ਹਨ...ਜ਼ਬੂਰ 139:17-18 ਇੰਨਾਂ ਹੀ ਸੋਚਾਂ ਨਾਲ ਮੈਂ ਗੀਤ ਗਾ ਗਾ ਕੇ ਖੁਸ਼ ਹੁੰਦਾ ਹਾਂ...ਸਫਨਯਾਹ 3:17 ਅਤੇ ਮੈਂ ਤੇਰੀ ਭਲਿਆਈ ਹਮੇਸ਼ਾਂ ਕਰਦਾ ਰਹਾਂਗਾ...ਯਿਰਮਿਯਾਹ 32:40 ਕਿਉਂਕਿ ਤੂੰ ਹੀ ਮੇਰਾ ਵੱਡਮੁਲਾ ਧਨ ਹੈਂ...ਕੂਚ 19:5 ਮੈਂ ਦਿਲ ਜਾਨ ਤੋਂ ਚਾਹੁੰਦਾ ਹਾਂ ਕਿ ਤੂੰ ਮੇਰੇ ਵਿੱਚ ਮਜਬੂਤ ਰਹੇਂ...ਯਿਰਮਿਯਾਹ 32:41 ਮੈਂ ਤੇਰੇ ਜੀਵਨ ਵਿੱਚ ਵੱਡੇ ਵੱਡੇ ਕੰਮ ਕਰਨਾ ਚਾਹੁੰਦਾ ਹਾਂ...ਯਿਰਮਿਯਾਹ 33:3 ਜੇ ਤੂੰ ਮੈਨੂੰ ਸੱਚੇ ਮਨੋਂ ਲਭੇਂਗਾ ਤਾਂ ਪਾਜਾਵੇਂਗਾ...ਬਿਵਸਥਾਸਾਰ 4:29 ਤੂੰ ਮੇਰੇ ਵਿੱਚ ਹੋ ਕੇ ਮਸਤ ਰਹਿ, ਮੈਂ ਤੇਰੇ ਦਿਲ ਦੀ ਹਰ ਇੱਕ ਮੁਰਾਦ ਪੂਰੀ ਕਰਾਂਗਾ...ਜ਼ਬੂਰ 37:4 ਭਲਿਆਂ ਮੁਰਾਦਾਂ ਦੀ ਚਾਹਤ ਵੀ ਮੈਂ ਹੀ ਦਿੰਦਾ ਹਾਂ...ਫਿਲਿੱਪੀਆਂ 2:13 ਮੈਂ ਤੇਰੇ ਲਈ ਹਰ ਉਹ ਭਲਿਆਈਆਂ ਕਰਨਾ ਚਾਹੁੰਦਾ ਹਾਂ, ਜਿਹੜੀਆਂ ਕਦੇ ਤੇਰੇ ਚਿਤ ਧਿਆਨ ਵੀ ਨਹੀਂ ਆਇਆਂ ਹੋਣਗੀਆਂ...ਅਫਸੀਆਂ 3:20 ਕਿਉਂਕਿ ਮੈਂ ਤੈਨੂੰ ਭਲਿਆਈ ਲਈ ਵੱਧਾਵਾ ਦੇਣ ਵਾਲਾ ਹਾਂ...2 ਥਸਲੁਨੀਕੀਆਂ 2:16-17 ਮੈਂ ਤੈਨੂੰ ਹਰ ਔਖੇ ਅਤੇ ਆੜੇ ਵੇਲੇ ਵਿੱਚ ਸੰਭਾਲਣ ਵਾਲਾ ਤੇਰਾ ਪਿਤਾ ਹਾਂ...2 ਕੁਰਿੰਥੀਆਂ 1:3-4 ਜਦੋਂ ਤੇਰਾ ਦਿਲ ਟੁਟਿਆ ਹੁੰਦਾ ਹੈ, ਤਦੋਂ ਵੀ ਮੈਂ ਹੀ ਤੈਨੂੰ ਸੰਭਾਲਦਾ ਹਾਂ...ਜ਼ਬੂਰ 34:18 ਜਿਵੇਂ ਅਯਾਲੀ ਭੇਡਾਂ ਨੂੰ ਗੋਦੀ ਚੁੱਕ ਕੇ, ਆਪਣੇ ਦਿਲ ਨਾਲ ਲਾ ਕੇ ਰੱਖਦਾ ਹੈ, ਇੰਵੇਂ ਹੀ ਮੈਂ ਵੀ ਰੱਖਦਾ ਹਾਂ...ਯਸਾਯਾਹ 40:11 ਮੈਂ ਤੇਰੀਆਂ ਅੱਖਿਆਂ ਦੇ ਸਾਰੇ ਹੰਝੂਆਂ ਨੂੰ ਪੂੰਝ ਦੇਵਾਂਗਾ ਅਤੇ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦੇਵਾਂਗਾ... ਪ੍ਰਕਾਸ਼ ਦੀ ਪੋਥੀ 21:3-4 ਮੈਂ ਤੇਰਾ ਪਿਤਾ ਹਾਂ ਅਤੇ ਆਪਣੇ ਪੁੱਤਰ ਯਿਸੂ ਮਸੀਹ ਵਾਂਗ, ਤੈਨੂੰ ਪਿਆਰ ਕਰਦਾ...ਯੂਹੰਨਾ 17:23 ਕਿਉਕਿ ਉਸੇ ਦੇ ਵਸੀਲੇ ਮੇਰਾ ਪਿਆਰ ਤੇਰੇ ਤੇ ਪ੍ਰਗਟ ਹੋਇਆ...ਯੂਹੰਨਾ 17:26 ਉਸੇ ਵਿੱਚ ਮੇਰੀ ਭਰਪੂਰੀ ਵਸਦੀ ਹੈ...ਇਬਰਾਨੀਆਂ 1:3 ਓਸੇ ਨੇ ਮੈਨੂੰ ਪ੍ਰਗਟ ਕੀਤਾ ਅਤੇ ਦਸਿਆ ਕਿ ਮੈਂ ਭਲਿਆਈ ਚਾਹੁੰਦਾ ਹਾਂ...ਰੋਮੀਆਂ 8:31 ਅਤੇ ਤੁਹਾਡੇ ਪਾਪ ਨਹੀਂ ਗਿਣਦਾ ਹਾਂ...2 ਕੁਰਿੰਥੀਆਂ 5:18-19 ਯਿਸੂ ਮਸੀਹ ਨੇ ਹੀ ਮੇਰੇ ਨਾਲ ਮਿਲਾਪ ਕਰਾਉਣ ਵਾਸਤੇ ਆਪਣਾ ਫਿਦਿਆ ਦਿੱਤਾ...2 ਕੁਰਿੰਥੀਆ 5:18-19 ਉਸ ਦਾ ਫਿਦਿਆ ਮੇਰੇ ਪਿਆਰ ਦੀ ਸਭ ਤੋਂ ਵੱਡੀ ਮਿਸਾਲ ਹੈ...1 ਯੂਹੰਨਾ 4:10 ਤੇਰਾ ਪਿਆਰ ਪਾਉਣ ਲਈ ਮੈਂ ਆਪਣਾ ਸਭ ਕੁਝ ਦੇ ਦਿੱਤਾ...ਰੋਮੀਆਂ 8:32 ਜੇ ਤੂੰ ਮੇਰੇ ਪੁੱਤਰ ਯਿਸੂ ਮਸੀਹ ਨੂੰ ਕਬੂਲ ਕਰਦਾ ਹੈ, ਤਾਂ ਮੈਨੂੰ ਹੀ ਕਬੂਲ ਕਰਦਾ ਹੈਂ...1 ਯੂਹੰਨਾ 2:23 ਅਤੇ ਮੇਰੇ ਪਿਆਰ ਤੋਂ ਤੈਂਨੂੰ ਕੋਈ ਵੀ ਵਾਂਝਿਆ ਨਹੀਂ ਕਰ ਸਕੇਗਾ...ਰੋਮੀਆਂ 8:38-39 ਘਰ ਵਾਪਸ ਆ ਜਾ ਪੁੱਤਰ, ਮੈਂ ਅਜਿਹੀ ਖੁਸ਼ੀ ਸਵਰਗ ਵਿੱਚ ਮਣਾਵਾਂਗਾ, ਜਿਹੜੀ ਕਦੇ ਵੀ ਮਣਾਈ ਨਾ ਗਈ ਹੋਵੇ...ਲੂਕਾ 15:7 ਮੈਂ ਤੇਰਾ ਪਿਤਾਸੀ ਅਤੇ ਹਮੇਸ਼ਾਂ ਰਹਾਂਗਾ...ਅਫ਼ਸੀਆਂ 3: 14-15 ਬਸ, ਮੈਂ ਤੈਨੂੰ ਇਕੋ ਹੀ ਗੱਲ ਪੁੱਛਦਾ ਹਾਂ,ਕਿ ਤੂੰ ਮੇਰਾ ਪੁੱਤਰ ਬਣੇਂਗਾ?...ਯੂਹੰਨਾ 1:12-13 ਪੁੱਤਰ ਮੈਂ ਤੇਰੀਆਂ ਰਾਹਾਂ ਤੱਕ ਰਿਹਾ ਹਾਂ...ਲੂਕਾ 15:11-32

...ਪਿਆਰ ਸਹਿਤ, ਤੇਰਾ ਪਿਤਾ
ਸਰਬਸ਼ਕਤੀਮਾਨ ਪਰਮੇਸ਼ਵਰ

©FathersLoveLetter.com/Punjabi